ਮਿੱਠੇ ਬੱਚੇ:- "ਮਿੱਠੇ ਬੱਚੇ - ਤੁਹਾਨੂੰ ਸ਼ਰੀਰ ਸਹਿਤ ਸਭ ਚੀਜ਼ਾਂ ਤੋਂ ਮਮਤਵ ਕੱਢਣਾ ਹੈ, ਜਦੋ ਤੁਹਾਡੀ ਆਤਮਾ ਪਾਵਨ ਕਰਮਾਤੀਤ ਬਣ ਜਾਵੇਗੀ ਫਿਰ ਘਰ ਵਿੱਚ ਜਾ ਸਕੋਗੇ"

ਪ੍ਰਸ਼ਨ:- ਆਤਮਾ ਨੂੰ ਕਿਸ ਗੱਲ ਤੋਂ ਬੜਾ ਡਰ ਲਗਦਾ ਹੈ ਅਤੇ ਉਹ ਡਰ ਕਿਉਂ?

ਉੱਤਰ:- ਆਤਮਾ ਨੂੰ ਸ਼ਰੀਰ ਛੱਡਣ ਤੋਂ ਬੜਾ ਡਰ ਲਗਦਾ ਹੈ ਕਿਉਂਕਿ ਉਸਦਾ ਸ਼ਰੀਰ ਵਿੱਚ ਮਮਤਵ ਹੋ ਗਿਆ ਹੈ। ਜੇਕਰ ਕੋਈ ਦੁੱਖ ਦੇ ਕਾਰਣ ਸ਼ਰੀਰ ਛੱਡਣਾ ਵੀ ਚਾਹੁੰਦੇ ਹਨ ਤਾਂ ਵੀ ਉਸਨੂੰ ਪਾਪ ਕਰਮਾਂ ਦੀ ਸਜਾ ਤਾਂ ਭੋਗਨੀ ਹੀ ਪੈਂਦੀ ਹੈ। ਸੰਗਮ ਤੇ ਤੁਹਾਨੂੰ ਬੱਚਿਆਂ ਨੂੰ ਕੋਈ ਵੀ ਡਰ ਨਹੀਂ ਹੈ। ਤੁਹਾਨੂੰ ਹੋਰ ਹੀ ਖੁਸ਼ੀ ਹੈ ਕਿ ਅਸੀਂ ਪੁਰਾਣਾ ਸ਼ਰੀਰ ਛੱਡ ਬਾਬਾ ਦੇ ਕੋਲ ਜਾਵਾਂਗੇ।

ਓਮ ਸ਼ਾਂਤੀ। ਮਿੱਠੇ ਮਿੱਠੇ ਬੱਚਿਆਂ ਨੂੰ ਸਮਝਾਇਆ ਗਿਆ ਹੈ ਇਕ ਹੈ ਗਿਆਨ, ਦੂਜਾ ਹੈ ਭਗਤੀ। ਡਰਾਮਾ ਵਿੱਚ ਨੂੰਧ ਹੈ। ਡਰਾਮਾ ਦੇ ਆਦਿ-ਮੱਧ-ਅੰਤ ਨੂੰ ਹੋਰ ਕੋਈ ਨਹੀਂ ਜਾਣਦੇ ਹਨ। ਤੁਸੀਂ ਬੱਚੇ ਤਾਂ ਜਾਣਦੇ ਹੋ। ਸਤਿਯੁੱਗ ਵਿੱਚ ਮਰਨ ਦਾ ਡਰ ਨਹੀਂ ਰਹਿੰਦਾ ਹੈ। ਜਾਣਦੇ ਹਨ ਸਾਨੂੰ ਇਕ ਸ਼ਰੀਰ ਛੱਡ ਦੂਜਾ ਸ਼ਰੀਰ ਲੈਣਾ ਹੈ। ਦੁੱਖ ਦੀ, ਰੋਣ ਆਦਿ ਦੀ ਕੋਈ ਗੱਲ ਨਹੀਂ ਹੈ। ਇੱਥੇ ਮਰਨ ਦਾ ਡਰ ਰਹਿੰਦਾ ਹੈ। ਆਤਮਾ ਨੂੰ ਸ਼ਰੀਰ ਛੱਡਣ ਨਾਲ ਦੁੱਖ ਹੁੰਦਾ ਹੈ। ਡਰਦੀ ਹੈ, ਕਿਉਂਕਿ ਫਿਰ ਵੀ ਦੂਜਾ ਜਨਮ ਲੈ ਦੁੱਖ ਹੀ ਭੋਗਣਾ ਹੈ। ਤੁਸੀਂ ਤਾਂ ਹੋ ਸੰਗਮਯੁੱਗੀ। ਤੁਹਾਨੂੰ ਬੱਚਿਆਂ ਨੂੰ ਬਾਪ ਨੇ ਸਮਝਾਇਆ ਹੈ ਹੁਣ ਵਾਪਿਸ ਚਲਣਾ ਹੈ। ਕਿੱਥੇ? ਘਰ। ਉਹ ਭਗਵਾਨ ਦਾ ਘਰ ਹੈ ਨਾ। ਇਹ ਕੋਈ ਘਰ ਨਹੀਂ ਹੈ, ਜਿੱਥੇ ਭਗਵਾਨ ਅਤੇ ਤੁਸੀਂ ਬੱਚੇ ਆਤਮਾਵਾਂ ਰਹਿੰਦੇ ਹੋ ਉਸਨੂੰ ਹੀ ਘਰ ਕਿਹਾ ਜਾਂਦਾ ਹੈ। ਉੱਥੇ ਇਹ ਸ਼ਰੀਰ ਨਹੀਂ ਹੈ। ਜਿਵੇਂ ਮਨੁੱਖ ਕਹਿੰਦੇ ਹਨ ਅਸੀਂ ਲੋਕ ਭਾਰਤ ਵਿੱਚ ਰਹਿੰਦੇ ਹਾਂ, ਘਰ ਵਿੱਚ ਰਹਿੰਦੇ ਹਾਂ, ਓਵੇਂ ਤੁਸੀਂ ਕਹੋਗੇ ਅਸੀਂ ਲੋਕ ਮਤਲਬ ਅਸੀਂ ਆਤਮਾਵਾਂ ਉੱਥੇ ਆਪਣੇ ਘਰ ਵਿੱਚ ਰਹਿੰਦੀਆਂ ਹਾਂ। ਉਹ ਹੈ ਆਤਮਾਵਾਂ ਦਾ ਘਰ, ਇਹ ਹੈ ਜੀਵ ਆਤਮਾਵਾਂ ਦਾ ਘਰ। ਉਸਨੂੰ ਕਿਹਾ ਜਾਂਦਾ ਹੈ ਮੁਕਤੀਧਾਮ। ਮਨੁੱਖ ਪੁਰਸ਼ਾਰਥ ਤਾਂ ਕਰਦੇ ਹਨ ਉੱਥੇ ਜਾਣ ਦੇ ਲਈ ਅਸੀਂ ਭਗਵਾਨ ਨਾਲ ਜਾਕੇ ਮਿਲੀਏ। ਭਗਵਾਨ ਨਾਲ ਮਿਲਣ ਲਈ ਬੜੀ ਖੁਸ਼ੀ ਹੋਣੀ ਚਾਹੀਦੀ ਹੈ। ਇਹ ਜੋ ਆਤਮਾ ਦਾ ਸ਼ਰੀਰ ਹੈ, ਇਸ ਵਿੱਚ ਆਤਮਾ ਦਾ ਬੜਾ ਮੋਹ ਪੈ ਗਿਆ ਹੈ, ਇਸਲਈ ਥੋੜੀ ਵੀ ਬਿਮਾਰੀ ਆਦਿ ਹੁੰਦੀ ਹੈ ਤਾਂ ਡਰ ਲਗਦਾ ਹੈ - ਕਿਤੇ ਸ਼ਰੀਰ ਨਾ ਛੁੱਟ ਜਾਵੇ। ਅਗਿਆਨ ਕਾਲ ਵਿੱਚ ਵੀ ਡਰ ਰਹਿੰਦਾ ਹੈ। ਇਸ ਵੇਲੇ ਜਦ ਕਿ ਸੰਗਮਯੁੱਗ ਹੈ, ਤੁਸੀਂ ਜਾਣਦੇ ਹੋ ਹੁਣ ਵਾਪਿਸ ਜਾਣਾ ਹੈ ਬਾਪ ਦੇ ਕੋਲ, ਤਾਂ ਡਰ ਦੀ ਗੱਲ ਨਹੀਂ ਹੈ। ਬਾਪ ਨੇ ਯੁਕਤੀ ਬੜੀ ਵਧੀਆ ਦੱਸੀ ਹੈ। ਪਤਿਤ ਆਤਮਾਵਾਂ ਤਾਂ ਮੇਰੇ ਕੋਲ ਮੁਕਤੀਧਾਮ ਵਿੱਚ ਆ ਨਹੀਂ ਸਕਦੀਆਂ ਹਨ। ਉਹ ਹੈ ਹੀ ਪਵਿੱਤਰ ਆਤਮਾਵਾਂ ਦਾ ਘਰ। ਇਹ ਹੈ ਮਨੁੱਖਾਂ ਦਾ ਘਰ। ਇਹ ਸ਼ਰੀਰ ਬਣਦੇ ਹਨ 5 ਤੱਤਵਾ ਨਾਲ, ਤਾਂ ਪੰਜ ਤੱਤਵ ਇੱਥੇ ਰਹਿਣ ਲਈ ਖਿੱਚਦੇ ਹਨ। ਆਕਾਸ਼, ਜਲ, ਵਾਯੂ...ਉੱਥੇ(ਮੂਲਵਤਨ) ਇਹ ਤੱਤਵ ਨਹੀਂ ਹਨ। ਇਹ ਵਿਚਾਰ ਸਾਗਰ ਮੰਥਨ ਕਰਨ ਦੀਆਂ ਯੁਕਤੀਆਂ ਹਨ। ਆਤਮਾ ਨੇ ਇਹ ਪ੍ਰਾਪਰਟੀ ਲਈ ਹੋਈ ਹੈ ਇਸਲਈ ਸ਼ਰੀਰ ਵਿੱਚ ਮਮਤਵ ਹੋ ਗਿਆ ਹੈ। ਨਹੀਂ ਤਾਂ ਅਸੀਂ ਆਤਮਾਵਾਂ ਉੱਥੇ ਰਹਿਣ ਵਾਲੀਆਂ ਹਾਂ। ਹੁਣ ਫਿਰ ਪੁਰਸ਼ਾਰਥ ਕਰਦੇ ਹਾਂ ਉੱਥੇ ਜਾਣ ਦੇ ਲਈ। ਜਦੋ ਤੁਸੀਂ ਪਵਿੱਤਰ ਆਤਮਾਵਾਂ ਬਣ ਜਾਂਦੇ ਹੋ ਤਾਂ ਫਿਰ ਤੁਹਾਨੂੰ ਸੁੱਖ ਮਿਲਦਾ ਹੈ, ਦੁੱਖ ਦੀ ਗੱਲ ਹੀ ਨਹੀਂ ਹੈ। ਇਸ ਵੇਲੇ ਹੈ ਹੀ ਦੁੱਖਧਾਮ। ਤਾਂ ਇਹ ਪੰਜ ਤੱਤਵ ਵੀ ਖਿੱਚਦੇ ਹਨ ਉੱਪਰ ਤੋਂ ਥੱਲੇ ਆਕੇ ਪਾਰਟ ਵਜਾਉਣ ਦੇ ਲਈ। ਪ੍ਰਕਿਰਤੀ ਦਾ ਆਧਾਰ ਤਾਂ ਜਰੂਰ ਲੈਣਾ ਪੈਂਦਾ ਹੈ। ਨਹੀਂ ਤਾਂ ਖੇਡ ਚਲ ਨਹੀਂ ਸਕਦਾ ਹੈ। ਇਹ ਖੇਡ ਦੁੱਖ ਅਤੇ ਸੁੱਖ ਦਾ ਬਣਿਆ ਹੋਇਆ ਹੈ। ਜਦੋ ਤੁਸੀਂ ਸੁੱਖ ਵਿੱਚ ਹੋ ਤਾਂ 5 ਤੱਤਵਾਂ ਦੇ ਸ਼ਰੀਰ ਨਾਲ ਮਮਤਵ ਨਹੀਂ ਰਹਿੰਦਾ ਹੈ। ਉੱਥੇ ਤਾਂ ਪਵਿੱਤਰ ਰਹਿੰਦੇ ਹਾਂ। ਇੰਨਾ ਮਮਤਵ ਨਹੀਂ ਰਹਿੰਦਾ ਹੈ ਸ਼ਰੀਰ ਵਿੱਚ। ਇੰਨਾ ਪੰਜ ਤੱਤਵਾਂ ਦਾ ਮਮਤਵ ਵੀ ਛੱਡ ਦਿੰਦੇ ਹਨ। ਅਸੀਂ ਪਵਿੱਤਰ ਬਣੇ ਫਿਰ ਉੱਥੇ ਸ਼ਰੀਰ ਵੀ ਯੋਗਬਲ ਨਾਲ ਬਣਦੇ ਹਨ ਇਸਲਈ ਮਾਇਆ ਖਿੱਚਦੀ ਨਹੀਂ ਹੈ। ਸਾਡਾ ਉਹ ਸ਼ਰੀਰ ਯੋਗਬੱਲ ਦਾ ਹੈ ਇਸਲਈ ਦੁੱਖ ਨਹੀਂ ਹੈ। ਡਰਾਮਾ ਕਿੰਨਾ ਵੰਡਰਫੁੱਲ ਬਣਿਆ ਹੋਇਆ ਹੈ। ਇਹ ਵੀ ਬੜੀ ਮਹੀਨ ਸਮਝਣ ਦੀਆਂ ਗੱਲਾਂ ਹਨ। ਜਿਹੜੇ ਚੰਗੇ ਬੁੱਧੀਵਾਨ ਬੱਚੇ ਹਨ ਅਤੇ ਸਰਵਿਸ ਵਿੱਚ ਤਤਪਰ ਰਹਿੰਦੇ ਹਨ ਉਹ ਹੀ ਚੰਗੀ ਤਰ੍ਹਾਂ ਸਮਝਾ ਸਕਦੇ ਹਨ। ਬਾਪ ਨੇ ਕਿਹਾ ਹੈ ਧਨ ਦਿੰਦੇ ਧਨ ਨਾ ਖੁੱਟੇ। ਦਾਨ ਕਰਦੇ ਰਹੋਗੇ ਤਾਂ ਧਾਰਨਾ ਵੀ ਹੋਵੇਗੀ। ਨਹੀਂ ਤਾਂ ਧਾਰਨਾ ਹੋਣਾ ਔਖਾ ਹੈ। ਇਵੇ ਨਹੀਂ ਸਮਝੋ ਲਿਖਣ ਨਾਲ ਧਾਰਨਾ ਹੋ ਜਾਵੇਗੀ। ਹਾਂ, ਲਿੱਖ ਕੇ ਕਿਸੇ ਦੇ ਕਲਿਆਣ ਲਈ ਪੁਆਇੰਟਸ ਭੇਜ ਦਿੰਦੇ ਹਨ ਉਹ ਹੋਰ ਗੱਲ ਹੈ। ਖੁਦ ਨੂੰ ਤਾਂ ਕੰਮ ਨਹੀਂ ਆਉਂਦੀ ਹੈ ਨਾ। ਕੋਈ ਤਾਂ ਕਾਗਜ ਲਿੱਖ ਕੇ ਫਾਲਤੂ ਸੁੱਟ ਦਿੰਦੇ ਹਨ। ਇਹ ਵੀ ਅੰਦਰ ਵਿੱਚ ਸਮਝ ਹੋਣੀ ਚਾਹੀਦੀ ਹੈ ਕਿ ਮੈਂ ਲਿਖਦਾ ਹਾਂ ਫਿਰ ਉਹ ਕੰਮ ਵਿੱਚ ਆਉਂਦਾ ਹੈ। ਲਿੱਖ ਕੇ ਸੁੱਟ ਦਿੱਤਾ ਉਸ ਵਿੱਚ ਕੀ ਫਾਇਦਾ। ਇਹ ਵੀ ਆਤਮਾ ਜਿਵੇ ਆਪਣੇ ਨੂੰ ਠੱਗਦੀ ਹੈ। ਇਹ ਤਾਂ ਧਾਰਨਾ ਕਰਨ ਦੀ ਚੀਜ਼ ਹੈ। ਬਾਬਾ ਨੇ ਕੋਈ ਲਿਖਿਆ ਹੋਇਆ ਕੰਠ ਥੋੜੀ ਕੀਤਾ ਹੈ। ਬਾਪ ਤਾਂ ਰੋਜ ਸਮਝਾਉਂਦੇ ਰਹਿੰਦੇ ਹਨ। ਪਹਿਲਾਂ ਪਹਿਲਾਂ ਤੁਹਾਡਾ ਬਾਪ ਨਾਲ ਕਨੈਕਸ਼ਨ ਹੋਵੇ। ਬਾਪ ਦੀ ਯਾਦ ਨਾਲ ਹੀ ਤੁਹਾਡੀ ਆਤਮਾ ਪਵਿੱਤਰ ਬਣ ਜਾਵੇਗੀ। ਫਿਰ ਉੱਥੇ ਵੀ ਤੁਸੀਂ ਪਵਿੱਤਰ ਰਹਿੰਦੇ ਹੋ। ਆਤਮਾ ਅਤੇ ਸ਼ਰੀਰ ਦੋਵੇ ਪਵਿੱਤਰ ਰਹਿੰਦੇ ਹਨ। ਫਿਰ ਉਹ ਬੱਲ ਖਲਾਸ ਹੋ ਜਾਂਦਾ ਹੈ ਤਾਂ 5 ਤੱਤਵਾਂ ਦਾ ਬੱਲ ਆਤਮਾ ਨੂੰ ਖਿੱਚਦਾ ਹੈ। ਆਤਮਾ ਨੂੰ ਘਰ ਜਾਣ ਦੇ ਲਈ ਸ਼ਰੀਰ ਛੱਡਣ ਦੀ ਦਿਲ ਹੁੰਦੀ ਹੈ। ਤੁਸੀਂ

ਪਾਵਨ ਬਣ ਕੇ ਸ਼ਰੀਰ ਇਸ ਤਰ੍ਹਾਂ ਛੱਡੋਗੇ ਜਿਵੇ ਮੱਖਣ ਵਿੱਚੋ ਵਾਲ।

ਤੁਹਾਨੂੰ ਬੱਚਿਆਂ ਨੂੰ ਸ਼ਰੀਰ ਸਹਿਤ ਸਭ ਚੀਜ਼ਾਂ ਤੋਂ ਮਮਤਵ ਕੱਢ ਦੇਣਾ ਹੈ। ਅਸੀਂ ਆਤਮਾਵਾਂ ਬਗੈਰ ਸ਼ਰੀਰ ਆਈਆਂ ਸੀ, ਅਸੀਂ ਪਿਊਰ ਸੀ। ਇਸ ਦੁਨੀਆਂ ਨਾਲ ਮਮਤਵ ਨਹੀਂ ਸੀ। ਉੱਥੇ ਸ਼ਰੀਰ ਛੁੱਟੇ ਤਾਂ ਕੋਈ ਰੋਂਦੇ ਨਹੀਂ। ਕੋਈ ਤਕਲੀਫ ਨਹੀਂ, ਬਿਮਾਰੀ ਨਹੀਂ। ਸ਼ਰੀਰ ਵਿੱਚ ਮਮਤਵ ਨਹੀਂ। ਜਿਵੇ ਆਤਮਾ ਪਾਰਟ ਵਜਾਉਂਦੀ ਹੈ, ਇਕ ਸ਼ਰੀਰ ਬੁੱਢਾ ਹੋਇਆ ਤਾਂ ਫਿਰ ਦੂਜਾ ਲੈ ਲੈਂਦੀ ਹੈ ਪਾਰਟ ਵਜਾਉਣ ਦੇ ਲਈ। ਉੱਥੇ ਤਾਂ ਰਾਵਣ ਰਾਜ ਹੀ ਨਹੀਂ ਹੈ। ਤਾਂ ਇਸ ਵੇਲੇ ਦਿਲ ਹੁੰਦੀ ਹੈ ਜਾਈਏ ਬਾਬਾ ਦੇ ਕੋਲ। ਬਾਬਾ ਕਹਿੰਦੇ ਹਨ ਮੈਨੂੰ ਯਾਦ ਕਰੋ। ਇਹ ਗਿਆਨ ਬੁੱਧੀ ਵਿੱਚ ਹੈ। ਬਾਪ ਕਹਿੰਦੇ ਹਨ ਪਵਿੱਤਰ ਬਣ ਕੇ ਆਉਣਾ ਹੈ। ਹੁਣ ਤਾਂ ਸਾਰੇ ਪਤਿਤ ਹਨ ਇਸਲਈ ਪੰਜ ਤੱਤਵਾਂ ਦੇ ਪੁਤਲੇ ਨਾਲ ਮੋਹ ਹੋ ਗਿਆ ਹੈ, ਇਸ ਨੂੰ ਛੱਡਣ ਦੀ ਦਿਲ ਨਹੀਂ ਹੁੰਦੀ ਹੈ। ਨਹੀਂ ਤਾਂ ਵਿਵੇਕ ਕਹਿੰਦਾ ਹੈ -ਸ਼ਰੀਰ ਛੁੱਟ ਜਾਵੇ ਅਤੇ ਅਸੀਂ ਬਾਬਾ ਕੋਲ ਚਲੇ ਜਾਈਏ। ਹੁਣ ਪੁਰਸ਼ਾਰਥ ਕਰਦੇ ਹੋ ਸਾਨੂੰ ਪਾਵਨ ਬਣ ਕੇ ਬਾਬਾ ਦੇ ਕੋਲ ਜਾਣਾ ਹੈ। ਬਾਬਾ ਨੇ ਕਿਹਾ ਹੈ ਤੁਸੀਂ ਤਾਂ ਮੇਰੇ ਸੀ, ਹੁਣ ਫਿਰ ਮੈਨੂੰ ਯਾਦ ਕਰੋ ਤਾਂ ਆਤਮਾ ਪਵਿੱਤਰ ਬਣ ਜਾਵੇਗੀ ਫਿਰ ਇਹ ਸ਼ਰੀਰ ਧਾਰਨ ਕਰਨ ਵਿੱਚ ਕੋਈ ਤਕਲੀਫ ਨਹੀਂ ਹੋਵੇਗੀ। ਅਜੇ ਸ਼ਰੀਰ ਵਿੱਚ ਮੋਹ ਹੈ ਤਾਂ ਡਾਕਟਰ ਆਦਿ ਨੂੰ ਬੁਲਾਉਂਦੇ ਹਨ। ਤੁਹਾਨੂੰ ਤਾਂ ਖੁਸ਼ੀ ਰਹਿਣੀ ਚਾਹੀਦੀ ਹੈ ਕਿ ਅਸੀਂ ਜਾਂਦੇ ਹਾਂ ਬਾਬਾ ਦੇ ਕੋਲ। ਇਸ ਸ਼ਰੀਰ ਨਾਲ ਹੁਣ ਸਾਡਾ ਕਨੈਕਸ਼ਨ ਨਹੀਂ ਹੈ। ਇਹ ਸ਼ਰੀਰ ਤਾਂ ਪਾਰਟ ਵਜਾਉਣ ਦੇ ਲਈ ਮਿਲਿਆ ਹੈ। ਉੱਥੇ ਤਾਂ ਆਤਮਾ ਅਤੇ ਸ਼ਰੀਰ ਦੋਵੇ ਬੜੇ ਤੰਦਰੁਸਤ ਹੁੰਦੇ ਹਨ। ਦੁੱਖ ਦਾ ਨਾਮ ਨਹੀਂ ਰਹਿੰਦਾ ਹੈ। ਤਾਂ ਬੱਚਿਆਂ ਨੂੰ ਕਿੰਨਾ ਪੁਰਸ਼ਾਰਥ ਕਰਨਾ ਚਾਹੀਦਾ ਹੈ। ਹੁਣ ਅਸੀਂ ਬਾਬਾ ਦੇ ਕੋਲ ਜਾਂਦੇ ਹਾਂ। ਕਿਉਂ ਨਾ ਇਸ ਸ਼ਰੀਰ ਨੂੰ ਛੱਡ ਕੇ ਜਾਈਏ। ਪਰ ਜਦੋ ਤੱਕ ਯੋਗ ਲਗਾ ਕੇ ਪਵਿੱਤਰ ਨਹੀਂ ਬਣੇ, ਕਰਮਾਤੀਤ ਅਵਸਥਾ ਨਹੀਂ ਬਣੀ ਹੈ ਤਾਂ ਜਾ ਨਹੀਂ ਸਕਦੇ ਹੋ। ਇਹ ਖ਼ਿਆਲ ਅਗਿਆਨੀ ਮਨੁੱਖਾ ਨੂੰ ਨਹੀਂ ਆ ਸਕਦੇ ਹਨ। ਤੁਹਾਨੂੰ ਬੱਚਿਆਂ ਨੂੰ ਆਉਣਗੇ। ਹੁਣ ਸਾਨੂੰ ਜਾਣਾ ਹੈ। ਪਹਿਲਾਂ ਤਾਂ ਆਤਮਾ ਵਿੱਚ ਤਾਕਤ ਹੁੰਦੀ ਹੈ, ਖੁਸ਼ੀ ਹੁੰਦੀ ਹੈ। ਕਦੇ ਡਰ ਨਹੀਂ ਰਹਿੰਦਾ ਹੈ। ਇੱਥੇ ਦੁੱਖ ਹੈ ਇਸਲਈ ਮਨੁੱਖ ਭਗਤੀ ਆਦਿ ਕਰਦੇ ਹਨ। ਪਰ ਵਾਪਿਸ ਜਾਣ ਦਾ ਰਸਤਾ ਤਾਂ ਜਾਣਦੇ ਨਹੀਂ ਹਨ। ਜਾਣ ਦਾ ਰਸਤਾ ਤਾਂ ਇੱਕ ਬਾਪ ਹੀ ਦੱਸਦੇ ਹਨ। ਅਸੀਂ ਬਾਬਾ ਦੇ ਕੋਲ ਜਾਈਏ - ਉਸਦੀ ਖੁਸ਼ੀ ਹੁੰਦੀ ਹੈ। ਬਾਪ ਸਮਝਾਉਂਦੇ ਹਨ ਇੱਥੇ ਤੁਹਾਡਾ ਸ਼ਰੀਰ ਵਿੱਚ ਮੋਹ ਹੈ। ਇਹ ਮੋਹ ਕੱਢ ਦਵੋ। ਇਹ ਤਾਂ 5 ਤੱਤਵਾਂ ਦਾ ਸ਼ਰੀਰ ਹੈ, ਇਹ ਸਭ ਮਾਇਆ ਹੀ ਹੈ। ਇਨ੍ਹਾਂ ਅੱਖਾਂ ਨਾਲ ਜੋ ਕੁਝ ਆਤਮਾ ਦੇਖਦੀ ਹੈ ਸਭ ਮਾਇਆ ਹੀ ਮਾਇਆ ਹੈ। ਇੱਥੇ ਹਰ ਚੀਜ਼ ਵਿੱਚ ਦੁੱਖ ਹੀ ਦੁੱਖ ਹੈ। ਕਿੰਨਾ ਗੰਦ ਹੈ। ਸਵਰਗ ਵਿੱਚ ਤਾਂ ਸ਼ਰੀਰ ਵੀ ਫਸਟਕਲਾਸ, ਮਹਿਲ ਵੀ ਫਸਟ ਕਲਾਸ ਮਿਲਣਗੇ। ਦੁੱਖ ਦੀ ਤਾਂ ਗੱਲ ਹੀ ਨਹੀਂ ਹੈ। ਕਿਵੇਂ ਦਾ ਬਣਿਆ ਹੋਇਆ ਖੇਡ ਹੈ। ਇਹ ਤਾਂ ਚਿੰਤਨ ਵਿੱਚ ਆਉਣਾ ਚਾਹੀਦਾ ਹੈ ਨਾ। ਬਾਪ ਕਹਿੰਦੇ ਹਨ ਹੋਰ ਕੁਝ ਨਹੀਂ ਸਮਝਦੇ ਹੋ, ਅੱਛਾ ਬੋਲੋ ਬਾਪ ਨੂੰ ਯਾਦ ਕਰੋ ਤਾਂ ਵਿਕਰਮ ਵਿਨਾਸ਼ ਹੋ ਜਾਣਗੇ, ਸਵਰਗ ਵਿੱਚ ਚਲੇ ਜਾਵੋਗੇ। ਅਸੀਂ ਤਾਂ ਆਤਮਾ ਹਾਂ। ਇਹ ਸ਼ਰੀਰ ਰੂਪੀ ਦੁਮ ਬਾਅਦ ਵਿੱਚ ਮਿਲਿਆ ਹੈ, ਇਸ ਵਿੱਚ ਕਿਉਂ ਫਸੇ ਹਾਂ? ਬਾਪ ਸਮਝਾਉਂਦੇ ਹਨ ਇਸਨੂੰ ਰਾਵਣ ਰਾਜ ਕਿਹਾ ਜਾਂਦਾ ਹੈ। ਰਾਵਣ ਰਾਜ ਵਿੱਚ ਦੁੱਖ ਹੀ ਦੁੱਖ ਹੈ। ਸਤਿਯੁੱਗ ਵਿੱਚ ਦੁੱਖ ਦੀ ਗੱਲ ਨਹੀਂ ਹੈ। ਹੁਣ ਬਾਬਾ ਦੀ ਯਾਦ ਨਾਲ ਅਸੀਂ ਸ਼ਕਤੀ ਲੈਂਦੇ ਹਾਂ ਕਿਉਂਕਿ ਕਮਜ਼ੋਰ ਬਣ ਗਏ ਹਾਂ। ਦੇਹ ਅਭਿਮਾਨ ਹੈ ਸਭ ਤੋਂ ਕਮਜ਼ੋਰ ਬਣਾਉਣ ਵਾਲਾ। ਤਾਂ ਬਾਪ ਸਮਝਾਉਂਦੇ ਹਨ ਇਹ ਡਰਾਮਾ ਬਣਿਆ ਹੋਇਆ ਹੈ। ਇਹ ਬੰਦ ਨਹੀਂ ਹੋ ਸਕਦਾ ਹੈ। ਮੋਕਸ਼ ਆਦਿ ਦੀ ਗੱਲ ਹੀ ਨਹੀਂ ਹੈ। ਇਹ ਤਾਂ ਬਣਿਆ ਬਣਾਇਆ ਡਰਾਮਾ ਹੈ। ਕਹਿੰਦੇ ਵੀ ਹਨ ਚਿੰਤਾ ਤਾਕੀ ਕੀਜੀਏ... ਜੋ ਪਾਸਟ ਹੋ ਗਿਆ ਉਹ ਫਿਰ ਹੋਣਾ ਹੀ ਹੈ। ਚਿੰਤਾ ਦੀ ਗੱਲ ਹੀ ਨਹੀਂ ਹੈ। ਸਤਿਯੁੱਗ ਵਿੱਚ ਖਰਾਬ ਕੁਝ ਵੀ ਹੁੰਦਾ ਨਹੀਂ ਹੈ। ਇੱਥੇ ਚਿੰਤਾ ਲੱਗੀ ਹੈ। ਬਾਪ ਕਹਿੰਦੇ ਹਨ ਇਹ ਤਾਂ ਡਰਾਮਾ ਹੈ। ਬਾਪ ਨੇ ਰਸਤਾ ਤਾਂ ਦੱਸਿਆ ਹੈ ਨਾ। ਇਵੇਂ ਤੁਸੀਂ ਮੇਰੇ ਕੋਲ ਪਹੁੰਚ ਜਾਵੋਗੇ। ਮੱਖਣ ਚੋਂ ਵਾਲ ਨਿਕਲ ਜਾਵੇਗਾ। ਸਿਰਫ ਤੁਸੀਂ ਮੈਨੂੰ ਯਾਦ ਕਰੋ ਤਾਂ ਆਤਮਾ ਪਵਿੱਤਰ ਹੋ ਜਾਵੇ। ਪਾਵਨ ਬਣਨ ਦੀ ਹੋਰ ਕੋਈ ਯੁਕਤੀ ਨਹੀਂ ਹੈ। ਹੁਣ ਤੁਸੀਂ ਸਮਝਦੇ ਹੋ ਅਸੀਂ ਰਾਵਣ ਰਾਜ ਵਿੱਚ ਬੈਠੇ ਹਾਂ। ਉਹ ਹੈ ਇਸ਼ਵਰੀਏ ਰਾਜ। ਇਸ਼ਵਰੀਏ ਰਾਜ ਅਤੇ ਆਸੁਰੀ ਰਾਜ ਦਾ ਖੇਡ ਹੈ। ਈਸ਼ਵਰ ਕਿਵੇਂ ਆਕੇ ਸਥਾਪਨਾ ਕਰਦੇ ਹਨ, ਇਹ ਕਿਸੇ ਨੂੰ ਪਤਾ ਨਹੀਂ ਹੈ। ਬਾਪ ਨੂੰ ਹੀ ਗਿਆਨ ਦਾ ਸਾਗਰ ਕਿਹਾ ਜਾਂਦਾ ਹੈ। ਉਹ ਹੀ ਆਕੇ ਸਭ ਸਮਝਾਉਂਦੇ ਹਨ। ਹੁਣ ਤੁਸੀਂ ਸਾਰਾ ਗਿਆਨ ਸਮਝ ਰਹੇ ਹੋ ਫਿਰ ਇਹ ਗਿਆਨ ਸਾਰਾ ਭੁੱਲ ਜਾਏਗਾ। ਜਿਸ ਪੜ੍ਹਾਈ ਨਾਲ ਅਸੀਂ ਇਹ ਪਦ ਪਾਉਂਦੇ ਹਾਂ, ਇਹ ਸਭ ਭੁੱਲ ਜਾਂਦਾ ਹੈ। ਸਵਰਗ ਵਿੱਚ ਗਏ ਅਤੇ ਇਹ ਨਾਲੇਜ ਗੁੰਮ ਹੋ ਜਾਂਦੀ ਹੈ। ਭਗਵਾਨ ਨੇ ਡਬਲ ਸਿਰਤਾਜ ਕਿਵੇਂ ਬਣਾਇਆ, ਉਹ ਕੁਝ ਵੀ ਨਹੀਂ ਜਾਣਦੇ। ਇਹ ਵੀ ਨਹੀਂ ਜਾਣਦਾ ਸੀ ਤਾਂ ਦੂਜੇ ਸ਼ਾਸਤਰ ਆਦਿ ਪੜਨ ਵਾਲੇ ਕੀ ਜਾਨਣਗੇ। ਉਨ੍ਹਾਂ ਨੂੰ ਟੱਚ ਵੀ ਨਹੀਂ ਹੋਵੇਗਾ। ਤੁਸੀਂ ਆਕੇ ਸੁਣਦੇ ਹੋ ਤਾਂ ਤੁਹਾਨੂੰ ਝੱਟ ਟੱਚ ਹੁੰਦਾ ਹੈ। ਹੈ ਸਾਰਾ ਗੁਪਤ। ਬਾਪ ਸੁਣਾਉਂਦੇ ਹਨ, ਕੀ ਦੇਖਣ ਵਿੱਚ ਆਉਂਦਾ ਹੈ? ਸਮਝ ਵਿੱਚ ਆਉਂਦਾ ਹੈ, ਆਤਮਾ ਨੂੰ ਦੇਖਿਆ ਹੈ ਕੀ? ਸਮਝਦੇ ਹਨ ਆਤਮਾ ਹੈ। ਦਿਵਯ ਦ੍ਰਿਸ਼ਟੀ ਨਾਲ ਦੇਖਿਆ ਜਾ ਸਕਦਾ ਹੈ। ਬਾਬਾ ਕਹਿੰਦੇ ਹਨ ਦੇਖਣ ਨਾਲ ਕੀ ਸਮਝਣਗੇ। ਆਤਮਾ ਤਾਂ ਛੋਟੀ ਬਿੰਦੀ ਹੈ। ਆਤਮਾਵਾਂ ਅਨੇਕ ਹਨ। 10-20 ਦਾ ਵੀ ਤੁਸੀਂ ਸਾਕਸ਼ਾਤਕਾਰ ਕਰੋਗੇ। ਇਕ ਨਾਲ ਤਾਂ ਕੁਝ ਪਤਾ ਨਹੀਂ ਚੱਲੇਗਾ। ਸਮਝ ਵੀ ਨਹੀਂ ਸਕਦੇ। ਬਹੁਤਿਆਂ ਨੂੰ ਸਾਕਸ਼ਾਤਕਾਰ ਹੁੰਦਾ ਹੈ। ਪਤਾ ਕਿਵੇਂ ਲੱਗੇ - ਆਤਮਾ ਹੈ ਜਾਂ ਪਰਮਾਤਮਾ ਹੈ? ਫ਼ਰਕ ਦਾ ਪਤਾ ਨਹੀਂ ਲਗਦਾ ਹੈ। ਬੈਠੇ-ਬੈਠੇ ਛੋਟੀ-ਛੋਟੀ ਆਤਮਾਵਾਂ ਦੇਖਣ ਵਿੱਚ ਆਉਂਦੀਆਂ ਹਨ। ਇਹ ਥੋੜੀ ਪਤਾ ਲੱਗਦਾ ਹੈ ਕਿ ਆਤਮਾ ਹੈ ਜਾਂ ਪਰਮਾਤਮਾ ਹੈ।

ਹੁਣ ਤੁਸੀਂ ਜਾਣਦੇ ਹੋ ਇੰਨੀ ਛੋਟੀ ਜਿਹੀ ਆਤਮਾ ਵਿੱਚ ਤਾਕਤ ਕਿੰਨੀ ਹੈ। ਆਤਮਾ ਤਾਂ ਮਾਲਿਕ ਹੈ, ਇਕ ਸ਼ਰੀਰ ਛੱਡ ਦੂਜੇ ਵਿੱਚ ਪ੍ਰਵੇਸ਼ ਕਰਦੀ ਹੈ ਪਾਰਟ ਵਜਾਉਣ ਦੇ ਲਈ। ਕਿੰਨੀ ਕੁਦਰਤ ਹੈ! ਸ਼ਰੀਰ ਬੀਮਾਰ ਹੋ ਜਾਂਦਾ ਹੈ ਜਾਂ ਕੋਈ ਦੀਵਾਲਾ ਨਿਕਲ ਜਾਂਦਾ ਹੈ

ਤਾਂ ਸਮਝਦੇ ਹਨ ਇਸ ਨਾਲੋਂ ਤੇ ਸ਼ਰੀਰ ਹੀ ਛੱਡ ਦਈਏ। ਆਤਮਾ ਨਿਕਲ ਜਾਵੇਗੀ, ਦੁੱਖ ਤੋਂ ਛੁੱਟ ਜਾਵੇਗੀ। ਪਰ ਪਾਪਾਂ ਦਾ ਬੋਝ ਸਿਰ ਤੇ ਹੈ ਉਹ ਕਿਵੇਂ ਛੁੱਟੇ? ਤੁਸੀਂ ਪੁਰਸ਼ਾਰਥ ਹੀ ਕਰਦੇ ਹੋ ਕਿ ਯਾਦ ਨਾਲ ਪਾਪ ਵਿਨਾਸ਼ ਹੋ ਜਾਣ। ਰਾਵਣ ਕਾਰਣ ਬਹੁਤ ਪਾਪ ਹੋਇਆ ਹੈ, ਜਿਸ ਤੋਂ ਛੁੱਟਣ ਦਾ ਰਸਤਾ ਬਾਪ ਦੱਸਦੇ ਹਨ। ਸਿਰਫ ਕਹਿੰਦੇ ਹਨ ਮੈਨੂੰ ਯਾਦ ਕਰੋ। ਯਾਦ ਕਰਦੇ-ਕਰਦੇ ਸ਼ਰੀਰ ਛੁੱਟ ਜਾਵੇ। ਤੁਹਾਡੇ ਪਾਪ ਆਦਿ ਸਭ ਖਤਮ ਹੋ ਜਾਣਗੇ। ਯਾਦ ਕਰਨਾ ਵੀ ਮਾਸੀ ਦਾ ਘਰ ਨਹੀਂ ਹੈ। ਮੈਨੂੰ ਯਾਦ ਕਰਨ ਲਈ ਮਾਇਆ ਤੁਹਾਨੂੰ ਬੜਾ ਹੈਰਾਨ ਕਰਦੀ ਹੈ। ਘੜੀ ਘੜੀ ਭੁੱਲਾ ਦਿੰਦੀ ਹੈ। ਬਾਬਾ ਅਨੁਭਵ ਵੀ ਸੁਣਾਉਂਦੇ ਹਨ। ਮੈਂ ਬੜੀ ਕੋਸ਼ਿਸ਼ ਕਰਦਾ ਹਾਂ। ਪਰ ਫਿਰ ਵੀ ਮਾਇਆ ਅਟਕ ਪਾਉਂਦੀ ਹੈ। ਹੈ ਵੀ ਦੋਨੋ ਨਾਲ, ਇਕੱਠੇ। ਇਕੱਠੇ ਹੁੰਦੇ ਵੀ ਘੜੀ-ਘੜੀ ਭੁੱਲ ਜਾਂਦਾ ਹੈ। ਬੜਾ ਔਖਾ ਹੈ। ਘੜੀ-ਘੜੀ ਇਹ ਯਾਦ ਆਉਂਦਾ ਹੈ, ਫਲਾਨਾ ਯਾਦ ਆਉਂਦਾ ਹੈ। ਤੁਸੀਂ ਤਾਂ ਬੜਾ ਚੰਗਾ ਪੁਰਸ਼ਾਰਥ ਕਰਦੇ ਹੋ। ਕੋਈ ਤਾਂ ਬੜੇ ਗਪੌੜੇ ਵੀ ਮਾਰਦੇ ਹਨ। 10-15 ਦਿਨ ਚਾਰਟ ਲਿੱਖ ਕੇ ਛੱਡ ਦਿੰਦੇ ਹਨ, ਇਸ ਵਿੱਚ ਬੜੀ ਖ਼ਬਰਦਾਰੀ ਰੱਖਣੀ ਪੈਂਦੀ ਹੈ। ਸਮਝਦੇ ਤਾਂ ਹਨ ਕਿ ਜਦੋ ਪਿਉਰ ਹੋ ਜਾਈਏ, ਕਰਮਾਤੀਤ ਅਵਸਥਾ ਨੂੰ ਪਾ ਲਈਏ, ਫਿਰ ਵਿੰਨ(ਜਿੱਤ) ਕਰਾਂਗੇ। ਇਹ ਇਸ਼ਵਰੀਏ ਲਾਟਰੀ ਹੈ ਨਾ। ਬਾਬਾ ਨੂੰ ਯਾਦ ਕਰਨਾ - ਇਹ ਹੈ ਯਾਦ ਦੀ ਡੋਰੀ। ਬੁੱਧੀ ਨਾਲ ਸਮਝਣ ਦੀ ਗੱਲ ਹੈ। ਭਾਵੇ ਕਹਿੰਦੇ ਹਨ ਅਸੀਂ ਬਾਬਾ ਨੂੰ ਯਾਦ ਕਰਦੇ ਹਾਂ ਪਰ ਬਾਬਾ ਕਹਿੰਦਾ ਹੈ ਯਾਦ ਕਰਨਾ ਆਉਂਦਾ ਨਹੀਂ ਹੈ। ਪਦ ਵਿੱਚ ਵੀ ਫ਼ਰਕ ਤਾਂ ਪੈਂਦਾ ਹੀ ਹੈ ਨਾ। ਕਿਵੇਂ ਰਾਜਾਈ ਸਥਾਪਨ ਹੋਈ ਹੈ। ਤੁਸੀਂ ਅਨੇਕ ਵਾਰ ਰਾਜਾਈ ਕੀਤੀ ਹੈ, ਫਿਰ ਗਵਾਈ ਹੈ। ਬਾਬਾ ਹਰ 5 ਹਜ਼ਾਰ ਸਾਲ ਬਾਅਦ ਪੜਾਉਂਦੇ ਹਨ। ਫਿਰ ਰਾਵਣ ਰਾਜ ਵਿੱਚ ਤੁਸੀਂ ਵਾਮ ਮਾਰਗ ਵਿੱਚ ਚਲੇ ਜਾਂਦੇ ਹੋ। ਜਿਹੜੇ ਦੇਵਤਾ ਸੀ ਉਹ ਹੀ ਫਿਰ ਵਾਮ ਮਾਰਗ ਵਿੱਚ ਡਿੱਗਦੇ ਹਨ ਤਾਂ ਬਾਪ ਬੜੀਆਂ ਗਹਿਰੀਆਂ ਗੱਲਾਂ ਸਮਝਾਉਂਦੇ ਹਨ - ਬਾਪ ਨੂੰ ਯਾਦ ਕਰਨ ਦੀਆਂ। ਹੈ ਤਾਂ ਬੜਾ ਸੌਖਾ। ਸ਼ਰੀਰ ਛੱਡ ਬਾਪ ਕੋਲ ਚਲੇ ਜਾਈਏ। ਮੈਨੂੰ ਜਾਨਣ ਤਾਂ ਹੀ ਯੋਗਬੱਲ ਨਾਲ ਵਿਕਰਮ ਵਿਨਾਸ਼ ਹੋਣ। ਉਹ ਤਾਂ ਪਿਛਾੜੀ ਵਿੱਚ ਹੀ ਹੋ ਸਕਦਾ ਹੈ। ਪਰੰਤੂ ਵਾਪਿਸ ਤਾਂ ਕੋਈ ਆਉਂਦਾ ਨਹੀਂ ਹੈ। ਭਾਵੇਂ ਕੋਈ ਕੁਝ ਵੀ ਕਰੇ, ਸਹੀ ਯੋਗ ਤਾਂ ਮੈਂ ਹੀ ਆਕੇ ਸਿਖਾਉਂਦਾ ਹਾਂ। ਫਿਰ ਅੱਧਾ ਕਲਪ ਯੋਗਬਲ ਚੱਲਦਾ ਹੈ। ਉੱਥੇ ਤਾਂ ਅਥਾਹ ਸੁੱਖ ਭੋਗਦੇ ਹੋ। ਭਗਤੀ ਮਾਰਗ ਵਿੱਚ ਮਨੁੱਖ ਕੀ-ਕੀ ਕਰਦੇ ਰਹਿੰਦੇ ਹਨ। ਬਾਪ ਜਦੋ ਆਕੇ ਗਿਆਨ ਦਿੰਦੇ ਹਨ ਤਾਂ ਭਗਤੀ ਹੁੰਦੀ ਨਹੀਂ ਹੈ। ਗਿਆਨ ਨਾਲ ਦਿਨ ਹੋ ਗਿਆ ਫਿਰ ਕੋਈ ਤਕਲੀਫ ਨਹੀਂ। ਭਗਤੀ ਹੈ ਰਾਤ ਧੱਕਾ ਖਾਣ ਦੇ ਲਈ। ਉੱਥੇ ਤਾਂ ਦੁੱਖ ਦੀ ਗੱਲ ਨਹੀਂ ਹੈ। ਇਹ ਸਭ ਗੱਲਾਂ ਜੋ ਇਥੋਂ ਦਾ ਸੈਪਲਿੰਗ ਹੋਵੇਗਾ ਉਨ੍ਹਾਂ ਦੀ ਬੁੱਧੀ ਵਿੱਚ ਬੈਠੇਗੀ। ਇਹ ਬੜੀਆਂ ਮਹੀਨ ਗੱਲਾਂ ਹਨ, ਵੰਡਰਫੁੱਲ ਗਿਆਨ ਹੈ, ਜੋ ਸਿਵਾਏ ਬਾਪ ਦੇ ਹੋਰ ਕੋਈ ਸਮਝਾ ਨਹੀਂ ਸਕਦਾ ਹੈ। ਬਹੁਤ ਥੋੜੇ ਸਮਝਣ ਵਾਲੇ ਹੁੰਦੇ ਹਨ। ਡਰਾਮਾ ਵਿੱਚ ਨੂੰਧ ਹੈ। ਉਸ ਵਿੱਚ ਕੁਝ ਵੀ ਫ਼ਰਕ ਨਹੀਂ ਪੈ ਸਕਦਾ ਹੈ। ਮਨੁੱਖ ਤਾਂ ਸਮਝਦੇ ਹਨ ਪਰਮਾਤਮਾ ਕੀ ਨਹੀਂ ਕਰ ਸਕਦਾ ਹੈ। ਪਰ ਭਗਵਾਨ ਤਾਂ ਆਉਂਦੇ ਹੀ ਇਕ ਵਾਰ ਹਨ, ਆਕੇ ਤੁਹਾਨੂੰ ਸਵਰਗ ਦਾ ਰਸਤਾ ਦੱਸਦੇ ਹਨ।

ਹੁਣ ਤੁਹਾਡੀ ਬੱਚਿਆਂ ਦੀ ਕਿੰਨੀ ਵਿਸ਼ਾਲ ਬੁੱਧੀ ਹੋ ਗਈ ਹੈ। ਇਹ ਦੋਵੇ ਹੀ ਇਕੱਠੇ ਹਨ। ਇਹ(ਬ੍ਰਹਮਾ) ਵੀ ਕਿਸੇ ਨੂੰ ਦੇਖੇਗਾ, ਸਮਝਦਾ ਹੈ ਸ਼ਾਂਤੀ ਦਾ ਦਾਨ ਦੇਣਾ ਹੈ। ਦੇਖਣ ਨਾਲ ਪਤਾ ਲੱਗ ਜਾਂਦਾ ਹੈ ਇਹ ਸਾਡੇ ਘਰਾਣੇ ਦਾ ਹੈ ਜਾਂ ਨਹੀਂ ਹੈ? ਸਰਵਿਸੇਬਲ ਬੱਚਿਆਂ ਦਾ ਕੰਮ ਵੀ ਹੈ ਨਬਜ ਦੇਖਣਾ। ਜੇਕਰ ਸਾਡੇ ਕੁੱਲ ਦਾ ਹੋਵੇਗਾ ਤਾਂ ਸ਼ਾਂਤ ਹੋ ਜਾਵੇਗਾ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਪਾਵਨ ਬਣ ਬਾਪ ਦੇ ਨਾਲ ਘਰ ਜਾਣ ਦੇ ਲਈ ਇਸ ਪੰਜ ਤੱਤਵ ਦੇ ਪੁੱਤਲੇ ਨਾਲ ਮਮਤਵ ਨਹੀਂ ਰੱਖਣਾ ਹੈ। ਸ਼ਰੀਰ ਛੱਡਣ ਦਾ ਡਰ ਕੱਢ ਦੇਣਾ ਹੈ।

**2.** ਯਾਦ ਦੀ ਯਾਤਰਾ ਦਾ ਚਾਰਟ ਬੜੀ ਖ਼ਬਰਦਾਰੀ ਨਾਲ ਵਧਾਉਂਦੇ ਰਹਿਣਾ ਹੈ। ਯੋਗਬਲ ਨਾਲ ਆਤਮਾ ਨੂੰ ਪਾਵਨ ਬਣਾਕੇ, ਕਰਮਾਤੀਤ ਬਣ ਇਸ਼ਵਰੀਏ ਲਾਟਰੀ ਨੂੰ ਵਿਨ ਕਰਨਾ ਹੈ।

ਵਰਦਾਨ:- ਸਿੱਧੀ ਨੂੰ ਸਵੀਕਾਰ ਕਰਨ ਦੀ ਬਜਾਏ ਸਿੱਧੀ ਦਾ ਪ੍ਰਤੱਖ ਸਬੂਤ ਦਿਖਾਉਣ ਵਾਲੇ ਸ਼ਕਤੀਸ਼ਾਲੀ ਅਤਮਾ ਭਵ

ਹੁਣ ਤੁਸੀਂ ਸਭਦੇ ਸਿੱਧੀ ਦਾ ਪ੍ਰਤੱਖ ਰੂਪ ਦਿਖਾਈ ਦਵੇਗਾ। ਕੋਈ ਵਿਗੜਿਆ ਹੋਇਆ ਕੰਮ ਵੀ ਤੁਹਾਡੀ ਦ੍ਰਿਸ਼ਟੀ ਨਾਲ, ਤੁਹਾਡੇ ਸਹਿਯੋਗ ਨਾਲ ਸਹਿਜ ਹਲ ਹੋਵੇਗਾ। ਕੋਈ ਸਿੱਧੀ ਦੇ ਰੂਪ ਵਿੱਚ ਤੁਸੀਂ ਲੋਕ ਨਹੀਂ ਕਹੋਗੇ ਕਿ ਹਾਂ ਇਹ ਹੋ ਜਾਏਗਾ। ਪਰ ਤੁਹਾਡਾ ਡਾਇਰੈਕਸ਼ਨ ਖੁਦ ਸਿੱਧੀ ਪ੍ਰਾਪਤ ਕਰਾਉਂਦਾ ਰਹੇਗਾ ਉਦੋਂ ਪ੍ਰਜਾ ਜਲਦੀ -ਜਲਦੀ ਬਣੇਗੀ, ਸਭ ਪਾਸੇ ਤੋਂ ਨਿਕਲਕੇ ਤੁਹਾਡੇ ਵਲ ਆਉਣਗੇ। ਇਹ ਸਿੱਧੀ ਦਾ ਪਾਰ੍ਹ ਹੁਣ ਚੱਲੇਗਾ ਪਰ ਪਹਿਲੇ ਇੰਨੇ ਸ਼ਕਤੀਸ਼ਾਲੀ ਬਣੋ ਜੋ ਸਿੱਧੀ ਨੂੰ ਸਵੀਕਾਰ ਨਾ ਕਰੋ ਉਦੋਂ ਪ੍ਰਤੱਖਤਾ ਹੋਵੇਗੀ।

ਸਲੋਗਨ:- ਅਵਿਅਕਤ ਸਥਿਤੀ ਵਿੱਚ ਸਥਿਤ ਹੋ ਮਿਲਣ ਮਨਾਓ ਤਾਂ ਵਰਦਾਨਾਂ ਦਾ ਭੰਡਾਰ ਖੁਲ੍ਹ ਜਾਏਗਾ।

******